ਆਰਬੀਆਈ/ 2006-2007/ 377

ਬੈਂਪਵਿਵਿ. ਨੰ. ਡੀਆਈਆਰ. ਬੀਸੀ. -93/13.03.00/2006-07

7 ਮਈ, 2007

17 ਵੈਸਾਖ 1929 (ਸ਼ੱਕ)

*ਸਾਰੇ ਵਪਾਰਕ ਬੈਂਕ*

*(ਖੇਤਰੀ ਪੇਂਡੂ ਬੈਂਕਾਂ ਨੂੰ ਛੱਡ ਕੇ)*

ਸ੍ਰੀਮਾਨ ਜੀ,

ਬੈਂਕਾਂ ਦੁਆਰਾ ਬਹੁਤ ਜ਼ਿਆਦਾ ਵਿਆਜ ਲਗਾਏ ਜਾਣ ਦੇ ਸਬੰਧ ਵਿਚ ਸ਼ਿਕਾਇਤਾਂ

ਕਿਰਪਾ ਸਾਲ 2007-08 ਦੇ ਵਾਰਸ਼ਿਕ ਨੀਤੀ ਮਤਾ ਦੇ ਪੈਰਾਗ੍ਰਾਫ 168 (ਕਾਪੀ ਨੱਥੀ) ਦਾ ਵਾਚਣ ਕਰਨ।

2. ਰਿਜ਼ਰਵ ਬੈਂਕ ਅਤੇ ਬੈਂਕਿੰਗ ਲੋਕਪਾਲਾਂ ਦੇ ਦਫ਼ਤਰਾਂ ਵਿਚ ਅਨੇਕ ਸ਼ਿਕਾਇਤਾਂ ਪ੍ਰਾਪਤ ਹੋ ਰਹੀਆਂ ਹਨ ਜੋ ਕੁਝ ਕਰਜ਼ਿਆਂ ਅਤੇ ਪੇਸ਼ਗੀਆਂ ਤੇ ਬਹੁਤ ਜ਼ਿਆਦਾ ਵਿਆਜ ਅਤੇ ਚਾਰਜ ਲਗਾਉਣ ਨਾਲ ਸਬੰਧਤ ਹਨ। ਇਸ ਸਬੰਧ ਵਿਚ ਕਿਰਪਾ ਰਿਜ਼ਰਵ ਬੈਂਕ ਦੇ 1 ਜੁਲਾਈ 2006 ਦੇ ਮਾਸਟਰ ਸਰਕੂਲਰ ਬੈਂਪਵਿਵਿ. ਡੀਆਈਆਰ. ਬੀਸੀ. 5/.13.03.00 / 2006-07 ਦਾ ਹਵਾਲਾ ਲਓ, ਜਿਸ ਦੇ ਦੁਆਰਾ ਬੈਂਕਾਂ ਨੂੰ ਸੂਚਿਤ ਕੀਤਾ ਗਿਆ ਸੀ ਕਿ ਉਹ ਕਰਜ਼ਿਆਂ ਅਤੇ ਪੇਸ਼ਗੀਆਂ ਉਤੇ ਵਿਆਜ ਦਰ ਨਿਰਧਾਰਤ ਕਰਨ ਦੇ ਲਈ ਆਪਣੇ ਬੋਰਡ

ਦੁਆਰਾ ਪ੍ਰਵਾਨਿਤ ਇਕ ਵਸਤੂਬੱਧ ਅਤੇ ਪਾਰਦਰਸ਼ੀ ਨੀਤੀ ਅਪਨਾਉਣ। ਛੋਟੇ ਅਤੇ ਹੱਦੀ ਕਿਸਾਨਾਂ ਨੂੰ ਘੱਟ ਮਿਆਦੀ ਪੇਸ਼ਗੀਆਂ ਦੇ ਮਾਮਲੇ ਵਿਚ, ਰਿਜ਼ਰਵ ਬੈਂਕ ਨੇ ਵੀ ਬੈਂਕਾਂ ਨੂੰ (ਉਪਰੋਕਤ ਮਾਸਟਰ ਸਰਕੂਲਰ ਦੇ ਪੈਰਾਗ੍ਰਾਫ 10.2 ਦੇ ਦੁਆਰਾ) ਇਹ ਸੂਚਿਤ ਕੀਤਾ ਹੈ ਕਿ ਉਹ ਇਹ ਨਿਸ਼ਚਿਤ ਕਰਨ ਕਿ ਵਿਆਜ ਦੀ ਰਾਸ਼ੀ ਮੂਲ ਕਰਜ ਦੀ ਰਾਸ਼ੀ ਤੋਂ ਜ਼ਿਆਦਾ ਨਾ ਹੋਵੇ।

3. ਤੁਸੀਂ ਸਹਿਮਤ ਹੋਵੋਗੇ ਕਿ ਹਾਲਾਂਕਿ ਵਿਆਜ ਦਰਾਂ ਅਨਿਯਮਿਤ ਹੋ ਗਈਆਂ ਹਨ, ਇਕ ਵਿਸ਼ੇਸ਼ ਪੱਧਰ ਤੋਂ ਜ਼ਿਆਦਾ ਵਿਆਜ ਦਰ ਨੂੰ ਸੂਦਖੋਰੀ ਮੰਨਿਆ ਜਾ ਸਕਦਾ ਹੈ, ਜੋ ਨਾ ਤਾਂ ਲਾਗੂ ਕਰਨ ਯੋਗ ਹੈ ਅਤੇ ਨਾ ਹੀ ਸਧਾਰਣ ਬੈਂਕਿੰਗ ਪ੍ਰਥਾ ਦੇ ਅਨੁਸਾਰ ਹੈ।

4. ਇਸ ਲਈ ਬੈਂਕਾਂ ਦੇ ਬੋਰਡਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਸਮੁੱਚੇ ਅੰਦਰੂਨੀ ਸਿਧਾਂਤ ਅਤੇ ਪ੍ਰਕਿਰਿਆਵਾਂ ਨਿਰਧਾਰਤ ਕਰਨ ਤਾਂ ਕਿ ਉਨ੍ਹਾਂ ਦੇ ਦੁਆਰਾ ਕਰਜ਼ਿਆਂ ਅਤੇ ਪੇਸਗੀਆਂ ਤੇ ਬਹੁਤ ਜ਼ਿਆਦਾ ਵਿਆਜ, ਪ੍ਰੋਸੈਸਿੰਗ ਅਤੇ ਹੋਰ ਚਾਰਜ ਨਾ ਲਗਾਇਆ ਜਾਵੇ। ਛੋਟੇ ਮੁੱਲ ਦੇ ਕਰਜ਼ਿਆਂ, ਖਾਸ ਕਰਕੇ, ਵਿਅਕਤੀਗਤ ਕਰਜ਼ੇ ਅਤੇ ਇਸ ਪ੍ਰਕਾਰ ਦੇ ਹੋਰ ਕਰਜ਼ਿਆਂ ਦੇ ਸਬੰਧ ਵਿਚ ਅਜਿਹੇ ਸਿਧਾਂਤ ਅਤੇ ਪ੍ਰਕ੍ਰਿਆਵਾਂ ਨਿਰਧਾਰਤ ਕਰਦਿਆਂ ਬੈਂਕ ਹੋਰ ਗੱਲਾਂ ਦੇ ਨਾਲ-ਨਾਲ ਹੇਠ ਲਿਖਤ ਸਧਾਰਣ ਦਿਸ਼ਾ ਨਿਰਦੇਸ਼ਾਂ ਨੂੰ ਧਿਆਨ ਵਿਚ ਰੱਖਣ :

- ਅਜਿਹੇ ਕਰਜ਼ਿਆਂ ਨੂੰ ਮਨਜ਼ੂਰ ਕਰਨ ਦੇ ਲਈ ਇਕ ਸਮੁੱਚਿਤ ਪੂਰਵ ਪ੍ਰਵਾਨਤ ਪ੍ਰਕ੍ਰਿਆ ਨਿਰਧਾਰਤ ਕੀਤੀ ਜਾਣੀ ਚਾਹੀਦੀ ਹੈ, ਜਿਸ ਵਿਚ ਹੋਰ ਗੱਲਾਂ ਦੇ ਨਾਲ-ਨਾਲ ਸੰਭਾਵਿਤ ਉਧਾਰਕਰਤਾ ਦੇ ਨਗਦ-ਪ੍ਰਵਾਹ (ਕੈਸ਼ਫਲੋ) ਨੂੰ ਵੀ ਧਿਆਨ ਵਿਚ ਰੱਖਿਆ ਜਾਣਾ ਚਾਹੀਦਾ ਹੈ।

- ਬੈਂਕਾਂ ਦੁਆਰਾ ਲਗਾਈਆਂ ਗਈਆਂ ਵਿਆਜ ਦਰਾਂ ਵਿਚ ਹੋਰ ਗੱਲਾਂ ਦੇ ਨਾਲ-ਨਾਲ ਉਧਾਰਕਰਤਾ ਦੀ ਅੰਦਰੂਨੀ ਰੇਟਿੰਗ ਨੂੰ ਧਿਆਨ ਵਿਚ ਰੱਖਦੇ ਹੋਏ ਜਾਇਜ ਅਤੇ ਉਚਿਤ ਖਤਰੇ ਪ੍ਰੀਮੀਅਮ ਨੂੰ ਸ਼ਾਮਲ ਕਰਨਾ ਚਾਹੀਦਾ ਹੈ। ਇਸ ਤੋਂ ਇਲਾਵਾ ਖਤਰੇ ਦੇ ਪ੍ਰਸ਼ਨ ਤੇ ਵਿਚਾਰ ਕਰਦੇ ਸਮੇਂ, ਪ੍ਰਤਿਭੂਤਿ ਹੈ ਜਾਂ ਨਹੀਂ ਅਤੇ ਉਸਦਾ ਮੁੱਲ ਕੀ ਹੈ, ਇਸ ਨੂੰ ਧਿਆਨ ਵਿਚ ਰੱਖਣਾ ਚਾਹੀਦਾ ਹੈ।

- ਬੈਂਕਾਂ ਦੁਆਰਾ ਕਰਜ਼ ਦੇਣ ਵਿਚ ਬੈਂਕ ਦੀ ਕੁਲ ਲਾਗਤ ਅਤੇ ਉਕਤ ਲੈਣ ਦੇਣ ਤੋਂ ਆਸ ਉਚਿਤ ਲਾਭ ਨੂੰ ਧਿਆਨ ਵਿਚ ਰੱਖਦੇ ਹੋਏ ਕਰਜ਼ ਦੀ ਚਕੌਤੀ ਦੇ ਲਈ ਉਧਾਰ ਕਰਤਾ ਦੀ ਕੁਲ ਲਾਗਤ, ਜਿਸ ਵਿਚ ਕਰਜ਼ ਦਾ ਵਿਆਜ ਅਤੇ ਹੋਰ ਚਾਰਜ ਸ਼ਾਮਲ ਹਨ, ਜਾਇਜ਼ ਹੋਣੀ ਚਾਹੀਦੀ ਹੈ।

- ਅਜਿਹੇ ਕਰਜ਼ਿਆਂ ਦੇ ਸਬੰਧ ਵਿਚ ਪ੍ਰੋਸੈਸਿੰਗ ਅਤੇ ਹੋਰ ਚਾਰਜਾਂ ਸਹਿਤ ਵਿਆਜ ਦੀ ਇਕ ਸਮੁੱਚੀ ਸੀਮਾ ਨਿਰਧਾਰਿਤ ਕੀਤੀ ਜਾਣੀ ਚਾਹੀਦੀ ਹੈ, ਜਿਸਦਾ ਚੰਗੀ ਤਰ੍ਹਾਂ ਪ੍ਰਚਾਰ ਕੀਤਾ ਜਾਣਾ ਚਾਹੀਦਾ ਹੈ।

5. ਇਸ ਸਰਕੂਲਰ ਦੀ ਤਾਰੀਖ ਤੋਂ ਤਿੰਨ ਮਹੀਨੇ ਦੇ ਅੰਦਰ ਬੈਂਕ ਪੁਸ਼ਟੀ ਕਰਨ ਕਿ ਇਸ ਸਬੰਧ ਵਿਚ ਉਪਰੋਕਤ ਸਿਧਾਂਤ ਅਤੇ ਪ੍ਰਕ੍ਰਿਆਵਾਂ ਲਾਗੂ ਕਰ ਦਿੱਤੀਆਂ ਗਈਆਂ ਹਨ।

6. ਇਸ ਦੌਰਾਨ, ਕਿਰਪਾ ਪ੍ਰਾਪਤ ਸੂਚਨਾ ਦਿਓ।

ਹਿਤੂ

(ਪੀ. ਵਿਜੈ ਭਾਸਕਰ)

ਮੁੱਖ ਮਹਾਂਪ੍ਰਬੰਧਕ

# ਅਰਕ

## ਸਾਲ 2007-08 ਦੇ ਲਈ ਸਾਲਾਨਾ ਨੀਤੀ ਮਤਾ

## ਬੈਂਕਾਂ ਦੁਆਰਾ ਬਹੁਤ ਜ਼ਿਆਦਾ ਵਿਆਜ ਲਗਾਏ ਜਾਣ ਦੇ ਸਬੰਧ ਵਿਚ ਸ਼ਿਕਾਇਤਾਂ

168. ਰਿਜ਼ਰਵ ਬੈਂਕ ਅਤੇ ਬੈਂਕਿੰਗ ਲੋਕਪਾਲਾਂ ਨੇ ਦਫ਼ਤਰਾਂ ਵਿਚ ਅਨੇਕ ਸ਼ਿਕਾਇਤਾਂ ਪ੍ਰਾਪਤ ਹੋ ਰਹੀਆਂ ਹਨ ਜੋ ਕੁਝ ਕਰਜ਼ਿਆਂ ਅਤੇ ਪੇਸ਼ਗੀਆਂ ਤੇ ਬਹੁਤ ਜ਼ਿਆਦਾ ਵਿਆਜ ਅਤੇ ਚਾਰਜ ਲਗਾਉਣ ਨਾਲ ਸਬੰਧਤ ਹੈ। ਹਾਲਾਂਕਿ ਵਿਆਜ ਦਰਾਂ ਅਨਿਯਮਿਤ ਹੋ ਗਈਆਂ ਹਨ, ਇਕ ਵਿਸ਼ੇਸ਼ ਪੱਧਰ ਤੋਂ ਜ਼ਿਆਦਾ ਵਿਆਜ ਦਰ ਨੂੰ ਸੂਦਖੋਰੀ ਮੰਨਿਆ ਜਾ ਸਕਦਾ ਹੈ, ਜੋ ਨਾ ਤਾਂ ਨਿਰਵਾਹ ਹੈ ਅਤੇ ਨਾ ਹੀ ਸਧਾਰਣ ਬੈਂਕਿੰਗ ਪ੍ਰਥਾ ਦੇ ਅਨੁਸਾਰ ਹੈ।

- ਇਸ ਲਈ : ਬੈਂਕਾਂ ਦੇ ਬੋਰਡਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਸਮੁੱਚੇ ਅੰਦਰੂਨੀ ਸਿਧਾਂਤ ਅਤੇ ਪ੍ਰਕ੍ਰਿਆਵਾਂ ਨਿਰਧਾਰਿਤ ਕਰਨ ਤਾਂ ਕਿ ਬਹੁਤ ਜ਼ਿਆਦਾ ਵਿਆਜ, ਪ੍ਰੋਸੈਸਿੰਗ ਅਤੇ ਹੋਰ ਚਾਰਜ ਨਾ ਲਗਾਇਆ ਜਾਵੇ।